2028/2036
06/01/2026

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈੱਲ)

ਦਫ਼ਤਰੀ ਕਾਰਜ ਲਈ ਨੋਟਿਸ **ਮਿਤੀ 05.01.2025**

ਵਿਸ਼ਾ- ਮਾਸਟਰ ਕਾਡਰ ਵਿੱਚ ਪਦ-ਉੱਨਤ ਕਰਮਚਾਰੀਆਂ ਨੂੰ ਸਟੇਸ਼ਨ ਅਲਾਟ ਕਰਨ ਸਬੰਧੀ।

1. ਇਸ ਦਫ਼ਤਰ ਵੱਲੋਂ ਮਾਸਟਰ ਕਾਡਰ ਵਿੱਚ ਪਦ-ਉੱਨਤ ਕੀਤੇ ਕਰਮਚਾਰੀਆਂ ਨੂੰ ਸਟੇਸ਼ਨ ਅਲਾਟ ਕਰਨ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਦਫ਼ਤਰ ਵੱਲੋਂ ਸਮੂਹ ਜਿਲਿਆਂ ਸਿਖਿਆ ਅਫ਼ਸਰਾਂ ਨੂੰ ਮਾਸਟਰ ਕਾਡਰ ਦੀ ਖਾਲੀ ਆਸਾਮੀਆਂ ਦੀ ਸੂਚੀ ਮੇਲ ਰਾਹੀਂ ਭੇਜ ਦਿੱਤੀ ਗਈ ਹੈ। ਹਰੇਕ ਮਾਸਟਰ ਕਾਡਰ ਵਿੱਚ ਪਦ-ਉੱਨਤ ਕਰਮਚਾਰੀ ਸਬੰਧਤ ਜਿਲੇ ਦੇ ਸੈਕੰਡਰੀ ਵਿਭਾਗ ਦੇ ਦਫ਼ਤਰ ਵਿਖੇ ਆਪਣੀ ਸੁਵਿਧਾ ਅਨੁਸਾਰ 10 ਸਟੇਸ਼ਨਾਂ ਦੀ ਚੋਣ ਕਰੇਗਾ।
2. ਇਹ ਸਪੱਸ਼ਟ ਰੂਪ ਵਿੱਚ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਵੱਲੋਂ ਚੋਣ ਕੀਤੇ ਗਏ ਸਟੇਸ਼ਨਾਂ ਤੇ ਤੈਨਾਤੀ ਸਬੰਧੀ ਕੋਈ ਦਾਅਵੇਦਾਰੀ ਨਹੀਂ ਹੋਵੇਗੀ। ਜੇਕਰ ਕਿਸੇ ਵੀ ਕਾਰਨ ਚੋਣ ਕੀਤੇ ਗਏ ਸਟੇਸ਼ਨਾਂ ਵਿਚੋਂ ਕਰਮਚਾਰੀ ਨੂੰ ਸਟੇਸ਼ਨ ਅਲਾਟਮੈਂਟ ਨਹੀਂ ਹੁੰਦੀ ਤਾਂ ਬਾਕੀ ਖਾਲੀ ਆਸਾਮੀਆਂ ਵਿਰੁੱਧ ਤੈਨਾਤੀ ਦੇ ਹੁਕਮ ਜਾਰੀ ਕੀਤੇ ਜਾਣਗੇ ।
3. ਜੇਕਰ ਕਿਸੇ ਵੀ ਕਾਰਨ ਕੋਈ ਕਰਮਚਾਰੀ ਨਿੱਜੀ ਪੱਧਰ ਤੇ ਸਟੇਸ਼ਨ ਚੋਣ ਲਈ ਨਹੀਂ ਜਾ ਸਕਦਾ ਤਾਂ ਉਹ ਕਿਸੇ ਸਹਿਕਰਮੀ ਨੂੰ ਅਧਿਕਾਰਿਤ ਕਰਕੇ ਭੇਜ ਸਕਦਾ ਹੈ। ਪ੍ਰੰਤੂ ਅਧਿਕਾਰਿਤ ਕਰਮਚਾਰੀ ਕੋਲ ਉਸਦਾ ਅਸਲ ਸ਼ਨਾਖਤੀ ਕਾਰਡ ਹੋਣਾ ਲਾਜਮੀ ਹੈ, ਜਿਸ ਦੀ ਸਵੈ-ਤਸਦੀਕੀ ਫੋਟੋ ਕਾਪੀ ਉਹ ਸਬੰਧਤ ਜਿਲੇ ਦੇ ਦਫ਼ਤਰ ਵਿਖੇ ਪੇਸ਼ ਕਰੇਗਾ।
4. ਲੈਫਟ ਆਊਟ ਕੇਸਾਂ ਅਧੀਨ ਜੇਕਰ ਜੋ ਸੇਵਾ ਮੁਕਤ ਕਰਮਚਾਰੀ ਪਦ-ਉੱਨਤ ਹੋਏ ਹਨ, ਉਹ ਸਬੰਧਤ ਜਿਲੇ ਦੇ ਸੈਕੰਡਰੀ ਵਿਭਾਗ ਦੇ ਦਫ਼ਤਰ ਵਿਖੇ ਹਾਜਰੀ ਦੇਣਗੇ ਪ੍ਰੰਤੂ ਸਟੇਸ਼ਨ ਚੋਣ ਕਰਨ ਦੀ ਲੋੜ ਨਹੀਂ ਹੈ। ਸਬੰਧਤ ਸੈਕੰਡਰੀ ਵਿਭਾਗ ਦੇ ਜਿਲੇ ਦੇ ਦਫ਼ਤਰ ਵੱਲੋਂ ਸੇਵਾ ਮੁਕਤ ਕਰਮਚਾਰੀ ਦੀ ਪੈਨਸ਼ਨ ਅਤੇ ਪੈਨਸ਼ਨਰੀ ਲਾਭਾਂ ਦੀ ਰੀਵਿਜਨ ਲਈ ਕਿਸੇ ਵੀ ਸਕੂਲ / ਸੰਸਥਾਂ ਵਿਖੇ ਮਾਸਟਰ ਕਾਡਰ ਦੀ ਆਸਾਮੀ ਵਿਰੁੱਧ ਫਰਜੀ ਤੈਨਾਤੀ ਕਰ ਦਿੱਤੀ ਜਾਵੇਗੀ। ਸੇਵਾ ਮੁਕਤ ਕਰਮਚਾਰੀ ਦੇ ਸਬੰਧਤ ਐਲੀਮੈਂਟਰੀ ਵਿਭਾਗ ਦੇ ਜਿਲੇ ਦੇ ਦਫ਼ਤਰ ਵੱਲੋਂ ਉਸੇ ਜਿਲੇ ਦੇ ਸੈਕੰਡਰੀ ਵਿਭਾਗ ਦੇ ਦਫ਼ਤਰ ਨੂੰ ਸੇਵਾ ਮੁਕਤ ਕਰਮਚਾਰੀ ਦਾ ਸੇਵਾ ਰਿਕਾਰਡ ਭੇਜਿਆ ਜਾਵੇਗਾ।
5. ਉਕਤ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਪ੍ਰਾਇਮਰੀ ਕਾਡਰ ਅਤੇ ਓ.ਸੀ.ਟੀ. ਕਾਡਰ ਦੇ ਰੀਵਿਊ ਅਧੀਨ ਮਿਤੀ 29.11.2024 ਅਤੇ 13.12.2024 ਨੂੰ ਕੀਤੀ ਗਈ ਸਟੇਸ਼ਨ ਅਲਾਟਮੈਂਟ ਨੂੰ ਮਾਨਯੋਗ ਹਾਈ ਕੋਰਟ ਵਿਖੇ ਚੁਣੌਤੀ ਦਿੱਤੀ ਗਈ ਹੈ। ਮਾਨਯੋਗ ਹਾਈ ਕੋਰਟ ਵੱਲੋਂ ਇੰਨਾਂ ਕੇਸਾਂ ਵਿੱਚ ਦਿੱਤੇ ਗਏ ਫੈਸਲਿਆਂ ਦੇ ਆਧਾਰ ਤੇ ਲੈਫਟ ਆਊਟ ਕੇਸਾਂ ਦੀ ਸਟੇਸ਼ਨ ਚੋਣ ਪ੍ਰੀਕ੍ਰਿਆ ਦੀ ਇਕਸਾਰਤਾ ਬਣਾਏ ਰੱਖਣ ਲਈ ਇੰਨਾਂ ਸਟੇਸ਼ਨ ਚੋਣ ਅਧੀਨ ਹਾਜਰ ਹੋਣ ਅਤੇ ਨਾ ਹਾਜਰ ਹੋਣ ਵਾਲੇ ਕਰਮਚਾਰੀਆਂ ਨੂੰ ਮੁੜ ਸਟੇਸ਼ਨ ਚੋਣ ਦਾ ਮੌਕਾ ਦਿੱਤਾ ਜਾਂਦਾ ਹੈ। ਇਹ ਕਰਮਚਾਰੀ ਵੀ ਉਕਤ ਵਰਣਿਤ ਹਦਾਇਤਾਂ ਅਧੀਨ ਸਟੇਸ਼ਨ ਚੋਣ ਕਰ ਸਕਦੇ ਹਨ। ਇਸ ਉਪਰੰਤ, ਸਟੇਸ਼ਨ ਅਲਾਟਮੈਂਟ ਦੀ ਪ੍ਰੀਕ੍ਰਿਆ ਬੰਦ ਕਰ ਦਿੱਤੀ ਜਾਵੇਗੀ ਅਤੇ ਕੋਈ ਐਡਜਸਟਮੈਂਟ ਨਹੀਂ ਕੀਤੀ ਜਾਵੇਗੀ।
6. ਸਟੇਸ਼ਨ ਚੋਣ ਦੀ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਹੋਵੇਗੀ-

| ਲੜੀ ਨੰਬਰ | ਸਟੇਸ਼ਨ ਚੋਣ ਦੀ ਮਿਤੀ | ਪਦ-ਉੱਨਤੀ ਦਾ ਵਿਸ਼ਾ | ਸਥਾਨ |
|---|---|---|---|
| 1 | 07.01.2026 ਅਤੇ 08.01.2026 | ਹਿੰਦੀ, ਪੰਜਾਬੀ, ਸੰਸਕ੍ਰਿਤ ਅਤੇ ਉਰਦੂ | ਪਦ-ਉੱਨਤ ਕਰਮਚਾਰੀ ਦੇ ਸਬੰਧਤ ਜਿਲੇ ਦਾ ਸੈਕੰਡਰੀ ਵਿਭਾਗ ਦਾ ਦਫਤਰ |
| 2 | 09.01.2026 | ਸਾਇੰਸ, ਹਿਸਾਬ, ਫਿਜੀ. ਐਜੂ, ਹੋਮ ਸਾਇੰਸ, ਮਿਊਜਕ | ਉਕਤ |

7. ਸਮਾਜਿਕ ਸਿੱਖਿਆ ਅਤੇ ਅੰਗਰੇਜੀ ਵਿਸ਼ਿਆਂ ਵਿੱਚ ਪਦ-ਉੱਨਤੀ ਲਈ ਸਮਾਂ ਸਾਰਣੀ ਵੱਖਰੇ ਨੋਟਿਸ ਰਾਹੀਂ ਜਾਰੀ ਕੀਤੀ ਜਾਵੇਗੀ। ਉਕਤ ਸਮਾਂ ਸਾਰਣੀ ਅਨੁਸਾਰ ਕਾਰਵਾਈ ਹੇਠ ਲਿਖੇ ਅਨੁਸਾਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ-

| ਕਾਰਵਾਈ | ਸਮਾਂ |
|---|---|
| ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਦਫ਼ਤਰ ਵਿਖੇ ਪਹੁੰਚਣਾ ਅਤੇ ਹਾਜਰੀ | ਸਵੇਰੇ 9.30 ਵਜੇ ਤੋਂ 10.30 ਵਜੇ ਤੱਕ |
| ਫਾਰਮ ਪ੍ਰਾਪਤ ਕਰਨਾ ਅਤੇ ਵੈਕੈਂਸੀ ਸੂਚੀ ਦੇਖਣਾ | ਸਵੇਰੇ 10.30 ਵਜੇ ਤੋਂ 11.30 ਵਜੇ ਤੱਕ |
| ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਤੋਂ ਫਾਰਮ ਪ੍ਰਤੀ ਹਸਤਾਖਰ | ਸਵੇਰੇ 11.30 ਵਜੇ ਤੋਂ ਦੁਪਹਿਰ 2.30 ਵਜੇ |

| | |
|---|---|
| ਕਰਵਾਉਣਾ | ਤੱਕ |
| ਗੂਗਲ ਫਾਰਮ ਭਰਨਾ ਅਤੇ pdf ਅਪਲੋਡ ਕਰਨਾ | ਸਵੇਰੇ 11.30 ਵਜੇ ਤੋਂ ਦੁਪਹਿਰ 4.00 ਵਜੇ ਤੱਕ |
| ਗੂਗਲ ਫਾਰਮ ਨੂੰ ਅੰਤਿਮ ਰੂਪ ਵਿੱਚ ਜਮਾਂ ਕਰਨਾਂ | ਬਾਅਦ ਦੁਪਹਿਰ 4.30 ਵਜੇ ਤੱਕ |

8. ਸਬੰਧਤ ਜਿਲਾ ਸਿੱਖਿਆ ਅਫ਼ਸਰ ਦਾ ਦਫ਼ਤਰ ਸਟੇਸ਼ਨ ਚੋਣ ਲਈ ਹਾਜਰ ਕਰਮਚਾਰੀ ਨੂੰ ਸਟੇਸ਼ਨ ਚੋਣ ਦਾ ਫਾਰਮ ਭਰਨ ਲਈ ਜਾਰੀ ਕਰੇਗਾ। ਕਰਮਚਾਰੀ ਫਾਰਮ ਉੱਤੇ ਸਟੇਸ਼ਨ ਚੋਣ ਕਰਕੇ, ਜਿ.ਸਿ.ਅ. ਵੱਲੋਂ ਪ੍ਰਤੀ ਹਸਤਾਖਰ ਕਰਵਾਉਣ ਉਪਰੰਤ ਗੂਗਲ ਫਾਰਮ ਭਰੇਗਾ। ਗੂਗਲ ਫਾਰਮ ਦਾ ਲਿੰਕ ਅਤੇ ਸਟੇਸ਼ਨ ਚੋਣ ਦਾ ਫਾਰਮ ਸਮੂਹ ਜਿ.ਸਿ.ਅ. ਨੂੰ ਮੇਲ ਰਾਹੀਂ ਭੇਜ ਦਿੱਤਾ ~~ਗਿਆ ਹੈ~~ ਜਾਵੇਗਾ। ਇਸ ਦੇ ਨਾਲ ਤਰੱਕੀਆਂ ਹਦਾਇਤਾਂ ਦੀ ਕਾਪੀ ਭੇਜ ਦਿੱਤੀਆਂ ਜਾਣਗੀਆਂ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ: ਅ-1/1( )2025/967 ਮਿਤੀ 06.01.2026

ਉਪਰੋਕਤ ਦਾ ਉਤਾਰਾ ਜਿਲ੍ਹਾ ਸਿਖਿਆ ਅਫਸਰ (ਐ.ਸਿ) ਬਠਿੰਡਾ ਅਤੇ ਸਬੰਧਤ ਸਕੂਲ ਮੁੱਖੀਆਂ, ਜਿਲ੍ਹਾਂ ਬਠਿੰਡਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰਦੇ ਮਾਸਟਰ ਕੇਡਰ ਵਿੱਚ ਪਦ-ਉਨਤ ਕਰਮਚਾਰੀਆਂ ਨੂੰ ਸਟੇਸ਼ਨ ਚੌਆਇਸ ਲਈ ਇਸ ਦਫਤਰ ਵਿਖੇ ਉਕਤ ਹਦਾਇਤਾਂ ਅਨੁਸਾਰ ਹਾਜਰ ਹੋਣ ਲਈ ਪਾਬੰਦ ਕਰਦੇ ਹੋਏ ਪੱਤਰ ਨੋਟ ਕਰਵਾਇਆ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ